# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 11 ਸਤੰਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਨਾਮਵਰ ਇਤਿਹਾਸਕਾਰ ਡਾ. ਇਸ਼ਤਿਆਕ ਅਹਿਮਦ ਵੱਲੋਂ ਭਾਰਤ ਦੀ ਵੰਡ ਬਾਰੇ ਅਹਿਮ ਖੁਲਾਸੇ

### ਅੰਗਰੇਜ਼ਾਂ ਨੇ ਕਦੇ ਨਹੀਂ ਸੀ ਚਿਤਵਿਆ ਕਿ ਉਨ੍ਹਾਂ ਨੂੰ ਭਾਰਤ ਛੱਡ ਕੇ ਜਾਣਾ ਪਵੇਗਾ-ਵੰਡ ਦਾ ਆਧਾਰ ਹਿੰਦੂ-ਮੁਸਲਿਮ ਜਨਸੰਖਿਆ ਸੀ

### ਸਿੱਖ ਆਗੂਆਂ ਨੇ ਵੀ ਵੱਖਰਾ ਮੁਲਕ ਮੰਗਿਆ ਸੀ ਪਰ ਸਿੱਖ ਕਿਤੇ ਵੀ ਬਹੁਗਿਣਤੀ ਵਿਚ ਨਹੀ ਸਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 11 ਸਤੰਬਰ : ਸਾਊਥ ਏਸ਼ੀਅਨ ਰਿਵਿਊ ਅਤੇ ਪੰਜਾਬੀ ਵਿਰਸਾ ਵੱਲੋਂ ਬੀਤੇ ਦਿਨ ਤਾਜ ਪਾਰਕ ਕਨਵੈਨਸ਼ਨ ਸੈਂਟਰ ਸਰੀ ਵਿਖੇ ਭਾਰਤੀ ਉਪ ਮਹਾਂਦੀਪ ਦੀ ਵੰਡ ਅਤੇ ਇਸ ਦੇ ਨਤੀਜਿਆਂ ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ 1947 ਦੀ ਪੰਜਾਬ ਦੀ ਵੰਡ ਬਾਰੇ ਖੋਜ ਭਰਪੂਰ ਪੁਸਤਕ 'ਲਹੂ ਲੁਹਾਣ ਪੰਜਾਬ' ਦੇ ਰਚਨਹਾਰੇ ਨਾਮਵਰ ਇਤਿਹਾਸਕਾਰ, ਵਿਗਿਆਨੀ ਅਤੇ ਵਿਦਵਾਨ ਡਾ. ਇਸ਼ਤਿਆਕ ਅਹਿਮਦ ਮੁੱਖ ਬੁਲਾਰੇ ਸਨ। ਸਮਾਗਮ ਦੀ ਸ਼ੁਰੂਆਤ ਕਰਦਿਆਂ ਨਵਰੂਪ ਸਿੰਘ ਨੇ ਸਮਾਗਮ ਵਿੱਚ ਪਹੁੰਚੀਆਂ ਸਭਨਾਂ ਸ਼ਖ਼ਸੀਅਤਾਂ ਦਾ ਸਵਾਗਤ ਕੀਤਾ। ਉਨ੍ਹਾਂ ਡਾ. ਇਸ਼ਤਿਆਕ ਅਹਿਮਦ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਡਾ. ਇਸ਼ਤਿਆਕ ਅਹਿਮਦ ਸਟੌਕਹੋਮ ਯੂਨੀਵਰਸਿਟੀ ਸਵੀਡਨ ਵਿੱਚ ਰਾਜਨੀਤੀ ਸ਼ਾਸਤਰ ਦੇ ਸੇਵਾ ਮੁਕਤ ਪ੍ਰੋਫੈਸਰ ਅਤੇ ਸਿੰਘਾਪੁਰ ਨੈਸ਼ਨਲ ਯੂਨੀਵਰਸਿਟੀ ਵਿੱਚ ਦੱਖਣੀ ਏਸ਼ੀਆ ਅਧਿਐਨ ਸੰਸਥਾਨ ਵਿੱਚ ਰਸਮੀ ਖੋਜੀ ਹਨ। ਇਨ੍ਹਾਂ ਨੇ ਸਿਆਸੀ ਇਸਲਾਮ, ਨਸਲ, ਕੌਮਵਾਦ, ਇਨਸਾਨੀ ਅਤੇ ਘੱਟ ਗਿਣਤੀਆਂ ਦੇ ਹੱਕ ਵੰਡ ਅਤੇ ਸਿਨਮੇ ਦੀ ਕਲਾ ਨੂੰ ਪੰਜਾਬ ਦੀ ਦੇਣ ਆਦਿ ਵਿਸ਼ਿਆਂ ਬਾਰੇ ਡੂੰਘਾ ਖੋਜ ਕਾਰਜ ਕੀਤਾ ਹੈ। ਉਹ ਲਾਹੌਰ ਦੇ ਅੰਗਰੇਜ਼ੀ ਅਖਬਾਰ 'ਫਰਾਈ ਡੇ' ਵਿੱਚ ਹਫਤਾਵਰੀ ਕਾਲਮ ਵੀ ਲਿਖਦੇ ਹਨ। ਉਹਨਾਂ ਦੀਆਂ ਹੁਣ ਤੱਕ ਸੱਤ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਤੇ ਉਹ ਬਹੁਤ ਸਾਰੇ ਖੋਜ ਪੱਤਰਾਂ ਦੇ ਘੋਖ ਕਰਤਾ ਰਹੇ ਹਨ। ਉਹਨਾਂ ਨੇ 1947 ਦੀ ਤਰਾਸਦੀ ਸਬੰਧੀ ਗੁਪਤ ਬਰਤਾਨਵੀ ਰਿਪੋਰਟਾਂ 'ਤੇ ਅਧਾਰਤ ਅਤੇ ਮੌਕੇ ਦੇ ਗਵਾਹਾਂ ਦੀ ਜ਼ਬਾਨੀ ਲਹੂ ਲਹਾਨ ਹੋਏ ਵੰਡੇ ਤੇ ਵੱਢੇ ਟੁੱਕੇ ਪੰਜਾਬ ਦੀ ਵਿਥਿਆ ਨੂੰ ਆਪਣੀ ਪੁਸਤਕ ਵਿੱਚ ਬਿਆਨ ਕੀਤਾ ਹੈ। ਇਹ ਪੁਸਤਕ ਉਹਨਾਂ ਮੂਲ ਵਿੱਚ ਅੰਗਰੇਜ਼ੀ ਵਿੱਚ ਲਿਖੀ ਸੀ ਜੋ ਬਾਅਦ ਵਿੱਚ ਉਰਦੂ, ਹਿੰਦੀ ਤੇ ਪੰਜਾਬੀ ਵਿੱਚ ਅਨੁਵਾਦ ਹੋ ਚੁੱਕੀ ਹੈ।

ਡਾ. ਇਸ਼ਤਿਆਕ ਅਹਿਮਦ ਨੇ ਭਾਰਤੀ ਉਪ ਮਹਾਂਦੀਪ ਦੀ ਵੰਡ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੰਗਰੇਜ਼ ਆਪਣੇ ਆਪ ਨੂੰ ਸਭ ਤੋਂ ਵੱਡੀ ਸਿਵਲਾਈਜੇਸ਼ਨ ਪਾਵਰ ਸਮਝਦੇ ਸਨ ਅਤੇ ਉਹ ਸਮਝਦੇ ਸਨ ਕਿ ਏਸ਼ੀਆ ਅਤੇ ਭਾਰਤ ਦੇ ਲੋਕ ਇਸ ਕਾਬਲ ਨਹੀਂ ਕਿ ਆਪਣੀ ਹਕੂਮਤ ਖ਼ੁਦ ਚਲਾ ਸਕਣ। ਅੰਗਰੇਜ਼ਾਂ ਨੇ ਭਾਰਤ ਆ ਕੇ ਚੋਣਾਂ ਦਾ ਸਿਧਾਂਤ ਲਿਆਂਦਾ ਜੋ ਸ਼ੁਰੂ ਵਿਚ ਸਿਰਫ ਇਕ ਦੋ ਪ੍ਰਤੀਸ਼ਤ ਉਨ੍ਹਾਂ ਭਾਰਤੀ ਲੋਕਾਂ ਨੂੰ ਦਿੱਤਾ ਗਿਆ ਜਿਹਨਾਂ ਕੋਲ ਵੱਡੀ ਜਾਇਦਾਦ ਅਤੇ ਵਿਦਿਅਕ ਯੋਗਤਾ ਸੀ।

ਡਾ. ਇਸ਼ਤਿਆਕ ਅਹਿਮਦ ਨੇ ਤੱਥਾਂ 'ਤੇ ਆਧਾਰਤ ਦੱਸਿਆ ਕਿ ਅੰਗਰੇਜ਼ਾਂ ਨੇ ਭਾਰਤ ਉੱਪਰ ਆਪਣੀ ਹਕੂਮਤ ਕਾਇਮ ਕੀਤੀ ਅਤੇ ਉਨ੍ਹਾਂ ਕਦੇ ਵੀ ਇਹ ਨਹੀਂ ਸੀ ਚਿਤਵਿਆ ਕਿ ਇਕ ਦਿਨ ਇਹ ਹਕੂਮਤ ਛੱਡ ਕੇ ਉਨ੍ਹਾਂ ਨੂੰ ਵਾਪਸ ਇੰਗਲੈਂਡ ਜਾਣਾ ਪਵੇਗਾ। ਉਨ੍ਹਾਂ ਅੰਗਰੇਜ਼ਾਂ ਵੱਲੋਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਆਪਸੀ ਭਾਈਚਾਰੇ ਵਿਚ ਵੰਡੀਆਂ ਪਾਉਣ, ਮੁਹੰਮਦ ਅਲੀ ਜਿੱਨਾਹ ਨੂੰ ਹੱਲਾਸ਼ੇਰੀ ਦੇ ਕੇ ਭਾਰਤ ਦੀ ਵੰਡ ਲਈ ਉਕਸਾਉਣ, ਬੰਗਾਲ ਵਿਚ ਹਿੰਸਕ ਵਾਰਦਾਤਾਂ ਦੀ ਸ਼ੁਰੂਆਤ ਤੋਂ ਲੈ ਕੇ ਪੰਜਾਬ ਦੀ ਵੰਡ, ਪੰਜਾਬ ਵਿਚ ਆਪਣਿਆਂ ਹੱਥੋਂ ਮਾਰੇ 8 ਲੱਖ ਪੰਜਾਬੀਆਂ ਦੀ ਦਾਸਤਾਨ ਬਾਰੇ ਵਿਸਥਾਰ ਵਿਚ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਲਗਾਤਾਰ 11 ਸਾਲਾਂ ਦੀ ਆਪਣੀ ਖੋਜ ਦੌਰਾਨ ਉਨ੍ਹਾਂ ਪਾਕਿਸਤਾਨ, ਭਾਰਤ, ਇੰਗਲੈਂਡ, ਅਮਰੀਕਾ, ਕੈਨੇਡਾ, ਸਿੰਘਾਪੁਰ ਆਦਿ ਦੇਸ਼ਾਂ ਵਿਚ ਜਾ ਕੇ 1947 ਦੀ ਪੰਜਾਬ ਵੰਡ ਤੋਂ ਪੀੜਤ ਪਰਿਵਾਰਾਂ ਦੇ ਲੱਗਭੱਗ 450 ਮੈਂਬਰਾਂ ਨਾਲ ਇੰਟਰਵਿਊ ਕੀਤੀ ਜੋ ਉਨ੍ਹਾਂ ਦੀ ਖੋਜ ਭਰਪੂਰ ਕਿਤਾਬ ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਕਿਤਾਬ ਵਿਚ ਦਰਜ ਜਾਣਕਾਰੀ ਤੱਥਾਂ ਅਤੇ ਦਸਤਾਵੇਜ਼ਾਂ 'ਤੇ ਆਧਾਰਿਤ ਹੈ।

ਇਸ ਮੌਕੇ ਉਨ੍ਹਾਂ ਲੋਕਾਂ ਵੱਲੋਂ ਵੰਡ ਸਬੰਧੀ ਅਤੇ ਉਸ ਸਮੇਂ ਦੀਆਂ ਰਾਜਸੀ ਹਸਤੀਆਂ ਦੀ ਭੂਮਿਕਾ ਅਤੇ ਹੋਰ ਕਈ ਸਵਲ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਉਭਰਵੇਂ ਰੂਪ ਵਿਚ ਭਾਰਤ-ਪਾਕਿ ਵੰਡ ਦੌਰਾਨ ਅੰਗਰੇਜ਼ਾਂ ਵਲੋਂ ਅਪਣਾਏ ਗਏ ਦੋ ਕੌਮੀ ਫਾਰਮੂਲੇ ਅਤੇ ਸਿੱਖ ਭਾਈਚਾਰੇ ਨੂੰ ਅਣਗੌਲੇ ਜਾਣ ਬਾਰੇ ਪੁੱਛੇ ਗਏ ਸਵਾਲਾਂ ਦੇ ਵੀ ਸਟੀਕ ਜਵਾਬ ਦਿੱਤੇ। ਉਹਨਾਂ ਇਸ ਧਾਰਣਾ ਨੂੰ ਗਲਤ ਦੱਸਿਆ ਕਿ ਉਸ ਸਮੇਂ ਸਿੱਖ ਆਗੂਆਂ ਨੇ ਵੱਖਰੀ ਸਿੱਖ ਸਟੇਟ ਦੀ ਮੰਗ ਨਹੀ ਕੀਤੀ। ਉਹਨਾਂ ਇਤਿਹਾਸਕ ਤੱਥਾਂ ਦਾ ਹਵਾਲਾ ਦਿੰਦਿਆਂ ਦੱਸਿਆ ਖਾਲਸਾ ਰਾਜ ਸਮੇਂ ਵਿਚ ਸਿੱਖਾਂ ਦੀ ਆਬਾਦੀ ਕਦੇ ਵੀ 12-14 ਪ੍ਰਤੀਸ਼ਤ ਤੋਂ ਵੱਧ ਨਹੀ ਸੀ। ਹਿੰਦੁਸਤਾਨ ਦੀ ਵੰਡ ਹਿੰਦੂ-ਮੁਸਲਿਮ ਆਬਾਦੀ ਨੂੰ ਆਧਾਰ ਬਣਾਕੇ ਕੀਤੀ ਗਈ ਸੀ ਪਰ ਪੰਜਾਬ ਵਿਚ 1947 ਦੇ ਸਮੇਂ ਵਿਚ ਕੇਵਲ ਇਕ ਤਰਨ ਤਾਰਨ ਤਹਿਸੀਲ ਨੂੰ ਛੱਡਕੇ ਕਿਤੇ ਵੀ ਸਿੱਖ ਬਹੁਗਿਣਤੀ ਵਿਚ ਨਹੀ ਸਨ। ਅਜਿਹੀ ਸਥਿਤੀ ਨੂੰ ਵੇਖਦਿਆਂ ਹੀ ਉਸ ਸਮੇਂ ਦੇ ਸਿੱਖ ਆਗੂਆਂ ਨੇ ਭਾਰਤ ਨਾਲ ਜਾਣ ਦੀ ਚੋਣ ਕੀਤੀ।

ਅਜੋਕੇ ਦੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਨੂੰ ਆਧਾਰ ਬਣਾ ਕੇ ਕੁਝ ਸਿੱਖਾਂ ਵਲੋਂ ਖਾਲਿਸਤਾਨ ਦੀ ਮੰਗ ਕੀਤੇ ਜਾਣ ਤੇ ਸੰਘਰਸ਼ ਬਾਰੇ ਪੁੱਛੇ ਜਾਣ ਤੇ ਉਹਨਾਂ ਸਪੱਸ਼ਟ ਦੱਸਿਆ ਕਿ ਅੱਜ ਦੇ ਜਮਹੂਰੀ ਮਾਡਲ ਅਤੇ ਯੂ ਐਨ ਓ ਦੇ ਚਾਰਟਰ ਮੁਤਾਬਿਕ ਕਿਸੇ ਵੀ ਮੈਂਬਰ ਮੁਲਕ ਨੂੰ ਤੋੜਨ ਦੀ ਇਜਾਜ਼ਤ ਨਹੀਂ। ਇਸ ਲਈ ਇਕੋ ਤਰੀਕਾ ਹੈ ਕਿ ਜਾਂ ਤਾਂ ਦਾਅਵੇਦਾਰ ਧਿਰ ਸਬੰਧਿਤ ਮੁਲਕ ਨਾਲ ਗੱਲਬਾਤ ਦੀ ਟੇਬਲ ਤੇ ਆਵੇ ਜਾਂ ਦੂਸਰਾ ਹੱਲ ਕਿ ਤੁਸੀਂ ਲੜਾਈ ਲੜ ਕੇ ਵੱਖਰਾ ਮੁਲਕ ਬਣਾ ਲਵੋ। ਇਕ ਹੋਰ ਸਵਾਲ ਦੇ ਜਵਾਬ ਵਿਚ ਉਹਨਾਂ ਦੀ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਉੱਜਲ ਦੋਸਾਂਝ ਨਾਲ ਮਿਲਣੀ ਦੀਆਂ ਤਸਵੀਰਾਂ ਬਾਰੇ ਸੋਸ਼ਲ ਮੀਡੀਆ ਉਪਰ ਵਿਪਰੀਤ ਟਿਪਣੀਆਂ ਬਾਰੇ ਕਿਹਾ ਕਿ ਉਹਨਾਂ ਦਾ ਸਥਾਨਕ ਸਿਆਸਤ ਨਾਲ ਕੋਈ ਲੈਣ ਦੇਣ ਨਹੀ। ਉਹ ਉੱਜਲ ਦੋਸਾਂਝ ਦੇ ਪੁਰਾਣੇ ਮਿੱਤਰ ਹਨ, ਇਸ ਲਈ ਉਹਨਾਂ ਨੂੰ ਮਿਲਣ ਗਏ ਸਨ। ਇਸ ਲਈ ਕਿਸੇ ਨੂੰ ਵੀ ਇਤਰਾਜ ਨਹੀ ਹੋਣਾ ਚਾਹੀਦਾ।

ਸਮਾਗਮ ਵਿਚ ਸਰੀ, ਵੈਨਕੂਵਰ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਇਸ ਮੌਕੇ ਦੋਹਾਂ ਸੰਸਥਾਵਾਂ ਵੱਲੋਂ ਡਾ. ਇਸ਼ਤਿਆਕ ਅਹਿਮਦ ਦਾ ਸਨਮਾਨ ਕੀਤਾ ਗਿਆ। ਅੰਤ ਵਿਚ ਨਵਰੂਪ ਸਿੰਘ ਨੇ ਇਸ ਸਮਾਗਮ ਲਈ ਸਹਿਯੋਗ ਦੇਣ ਵਾਲੇ ਕਾਰੋਬਾਰੀਆਂ, ਸਹਿਯੋਗੀਆਂ, ਸ਼ਾਮਲ ਲੋਕਾਂ ਅਤੇ ਵਿਸ਼ੇਸ਼ ਕਰ ਕੇ ਡਾ. ਇਸ਼ਤਿਆਕ ਅਹਿਮਦ ਦਾ ਧੰਨਵਾਦ ਕੀਤਾ।

## 'ਚੜ੍ਹਦੀ ਕਲਾ ਬ੍ਰਦਰਹੁਡ ਵੈਲਫੇਅਰ ਐਸੋਸੀਏਸ਼ਨ' ਦੀ ਕੋਰ ਕਮੇਟੀ ਦੀ ਵਿਸ਼ੇਸ਼ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 11 ਸਤੰਬਰ : ਸਰੀ ਸ਼ਹਿਰ ਵਿਚ ਸਮਾਜ ਦੀ ਬਿਹਤਰੀ ਲਈ ਕਾਰਜਸ਼ੀਲ ਸੰਸਥਾ 'ਚੜ੍ਹਦੀ ਕਲਾ ਬ੍ਰਦਰਹੁਡ ਵੈਲਫੇਅਰ ਐਸੋਸੀਏਸ਼ਨ' ਦੀ ਕੋਰ ਕਮੇਟੀ ਦੇ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਜਸਵਿੰਦਰ ਸਿੰਘ ਦਿਲਾਵਰੀ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੀਟਿੰਗ ਵਿਚ ਬੀਸੀ ਦੀ ਸੂਬਾਈ ਸਰਕਾਰ ਅਤੇ ਸਰੀ ਸਿਟੀ ਕੌਂਸਲ ਵੱਲੋਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸ਼ਹੀਦੀ ਦਿਨ ਮਨਾਉਣ ਸਬੰਧੀ ਕੀਤੇ ਗਏ ਐਲਾਨਨਾਮੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਜ਼ਿਕਰਯੋਗ ਹੈ ਕਿ 'ਚੜ੍ਹਦੀ ਕਲਾ ਬ੍ਰਦਰਹੁਡ ਵੈਲਫੇਅਰ ਐਸੋਸੀਏਸ਼ਨ' ਦੇ ਮੈਂਬਰਾਂ ਨੇ ਸਰੀ ਸਿਟੀ ਦੀ ਮੇਅਰ ਨਾਲ ਬੀਤੇ ਦਿਨੀਂ ਕੀਤੀ ਇਕ ਮੀਟਿੰਗ ਦੌਰਾਨ ਬੇਨਤੀ ਕੀਤੀ ਸੀ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸ਼ਹਾਦਤ ਦੇਣ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦਾ ਸ਼ਹੀਦੀ ਦਿਨ ਮਨਾਉਣ ਲਈ ਐਲਾਨ ਕੀਤਾ ਜਾਵੇ ਅਤੇ ਸਰੀ ਦੀ ਕਿਸੇ ਸੜਕ ਜਾਂ ਪਾਰਕ ਦਾ ਨਾਮ ਸ. ਖਾਲੜਾ ਦੇ ਨਾਮ 'ਤੇ ਰੱਖਿਆ ਜਾਵੇ। ਇਸ ਮੀਟਿੰਗ ਵਿਚ ਐਸੋਸੀਏਸ਼ਨ ਵੱਲੋਂ12 ਅਕਤੂਬਰ 2025 ਨੂੰ ਲਾਏ ਜਾਣ ਵਾਲੇ ਦੂਜੇ ਖੂਨਦਾਨ ਕੈਂਪ ਦੀਆਂ ਤਿਆਰੀਆਂ ਦੀ ਵਿਉਂਤਬੰਦੀ ਵੀ ਉਲੀਕੀ ਗਈ ਅਤੇ ਪੰਜਾਬ ਵਿਚ ਹੜ੍ਹਾਂ ਦੀ ਕੁਦਰਤੀ ਕਰੋਪੀ ਦੀ ਲਪੇਟ ਵਿਚ ਆਏ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਇਹਨਾਂ ਪੀੜਤਾਂ ਦੀ ਮਦਦ ਲਈ ਦਾਨ ਰਾਸ਼ੀ ਇਕੱਤਰ ਕਰਨ ਦਾ ਫੈਸਲਾ ਲਿਆ ਗਿਆ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਦੇ ਮੌਕੇ 'ਤੇ ਲੰਗਰ ਲਾਉਣ ਅਤੇ ਕ੍ਰਿਸਮਿਸ ਮੌਕੇ ਟੌਆਏ ਡਰਾਈਵ ਕਰਨ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੀਟਿੰਗ ਵਿਚ ਬਲਜੀਤ ਸਿੰਘ ਰਾਏ, ਲਖਬੀਰ ਗਰੇਵਾਲ, ਹਰਦਮ ਮਾਨ, ਹਰਪ੍ਰੀਤ ਮਨਟਕਲਾ, ਮਨਜੀਤ ਸਿੰਘ ਚੀਮਾ. ਸੰਦੀਪ ਧੰਜੂ, ਅਵਤਾਰ ਸਿੰਘ ਧਨੋਆ, ਹਰਵਿੰਦਰ ਸਿੰਘ, ਇੰਦਰਜੀਤ ਸਿੰਘ ਲੱਧੜ, ਦਮਨਦੀਪ ਸਿੰਘ, ਨਿਰੰਜਨ ਸਿੰਘ ਲਹਿਲ, ਮਲਕੀਤ ਸਿੰਘ, ਬੁੱਧੀ ਕਪੂਰ, ਹਰਵਿੰਦਰ ਸਿੰਘ ਖਾਲਸਾ ਸ਼ਾਮਿਲ ਹੋਏ।

## ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਵੱਲੋਂ ਗਿਆਨੀ ਗੁਰਮੁਖ ਸਿੰਘ ਸਰੋਏ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਵਿਨੀਪੈਗ, 11ਸਤੰਬਰ : ਬੀਤੇ ਦਿਨੀਂ ਇਕ ਸਮਾਗਮ ਦੌਰਾਨ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਵੱਲੋਂ ਪੰਜਾਬੀ ਭਾਈਚਾਰੇ ਦੀ ਮਾਣਮੱਤੀ ਸ਼ਖ਼ਸੀਅਤ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸਮਾਜਿਕ, ਸਿੱਖਿਆ ਅਤੇ ਧਾਰਮਿਕ ਖੇਤਰ ਵਿਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਪੰਧੇਰ ਨੇ ਦੱਸਿਆ ਹੈ ਕਿ ਗੁਰਮੁਖ ਸਿੰਘ ਸਰਾਏ ਪਿਛਲੇ 50 ਸਾਲ ਤੋਂ ਗੁਰਦੁਆਰਾ ਸਾਹਿਬ ਵਿਖੇ ਗਰੰਥੀ ਅਤੇ ਕੀਰਤਨ ਦੀਆਂ ਸੇਵਾਵਾਂ ਅਦਾ ਕਰ ਰਹੇ ਹਨ। ਉਹ ਜ਼ਿਲਾ ਮੋਗਾ ਦੇ ਪਿੰਡ ਢੁੱਡੀਕੇ ਦੇ ਜੰਮਪਲ ਹਨ ਅਤੇ ਪੰਜਾਬ ਵਿਚ ਅਧਿਆਪਕ ਵੀ ਰਹੇ ਹਨ। ਉਹ ਗੁਰਦੁਆਰਾ ਸਾਹਿਬ ਦੀ ਪੰਜ ਮੈਂਬਰੀ ਕੌਂਸਲ ਦੇ ਚੇਅਰਮੈਨ ਹਨ। ਸ. ਪੰਧੇਰ ਨੇ ਇਸ ਸਨਮਾਨ ਲਈ ਗੁਰਮੁਖ ਸਿੰਘ ਸਰੋਏ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਵੱਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਸੇਵਾ ਦੇ ਕਾਰਜਾਂ ਸਦਕਾ ਭਾਈਚਾਰਾ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਨੌਜਵਾਨ ਪੀੜ੍ਹੀ ਉਹਨਾਂ ਦੇ ਜੀਵਨ ਅਤੇ ਕਾਰਜਾਂ ਤੋਂ ਸੇਧ ਲੈ ਕੇ ਚੰਗੇਰਾ ਸਮਾਜ ਸਿਰਜਣ ਲਈ ਪ੍ਰੇਰਿਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖ ਸੁਸਾਇਟੀ ਆਫ ਮੈਨੀਟੋਬਾ ਵੱਲੋਂ ਵੀ ਗਿਆਨੀ ਗੁਰਮੁਖ ਸਿੰਘ ਸਰੋਏ ਨੂੰ ਸੁਨਹਿਰੀ ਮਾਣ ਪੱਤਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਮਿਲਣ 'ਤੇ ਸ ਸਰੋਏ ਦਾ ਕਹਿਣਾ ਸੀ ਕਿ ਸਾਨੂੰ ਈਮਾਨਦਾਰੀ ਅਤੇ ਮਿਹਨਤ ਨਾਲ ਆਪਣਾ ਹਰ ਕਾਰਜ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਅਨੁਸਾਰ ਕਿਰਤ ਕਰਨ, ਵੰਡ ਕੇ ਛਕਣ ਅਤੇ ਨਾਮ ਜਪਣ ਉਪਰ ਪਹਿਰਾ ਦੇਣਾ ਚਾਹੀਦਾ ਹੈ।

## ਕੁਨੈਕਟ ਐਫ ਐਮ ਨੇ ਰੇਡੀਓਥਾਨ ਰਾਹੀਂ ਪੰਜਾਬ ਦੇ ਹੜਪੀੜਤਾਂ ਲਈ 7.5 ਲੱਖ ਡਾਲਰ ਇਕੱਤਰ ਕੀਤੇ

### ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਗੁਰੂ ਨਾਨਕ ਫੂਡ ਬੈਂਕ ਤੇ ਸਾਂਝਾ ਟੀਵੀ ਨੇ ਰੇਡੀਓਥਾਨ ਵਿਚ ਸਹਿਯੋਗ ਕੀਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ 11 ਸਤੰਬਰ: ਪੰਜਾਬ ਦੇ ਹੜਪੀੜਤਾਂ ਦੀ ਮਦਦ ਲਈ ਪਰਵਾਸੀ ਪੰਜਾਬੀਆਂ ਵਲੋਂ ਖੁੱਲਕੇ ਦਾਨ ਕੀਤਾ ਜਾ ਰਿਹਾ ਹੈ। ਹੜਪੀੜਤਾਂ ਦੀ ਸਹਾਇਤਾ ਲਈ ਪਰਵਾਸੀ ਪੰਜਾਬੀਆਂ ਦੇ ਅੱਗੇ ਆਉਣ, ਦਾਨ ਰਾਸ਼ੀ ਇਕੱਤਰ ਕਰਨ ਅਤੇ ਲੋਕਾਂ ਨਾਲ ਪਹੁੰਚ ਬਣਾਉਣ ਲਈ ਸਥਾਨਕ ਪੰਜਾਬੀ ਰੇਡੀਓ ਸਟੇਸ਼ਨਾਂ ਵਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਪਿਛਲੇ ਦਿਨੀਂ ਰੈਡ ਐਫ ਐਮ ਰੇਡੀਓ ਵਲੋਂ ਰੇਡੀਓਥਾਨ ਰਾਹੀਂ ਵੱਡੀ ਰਾਸ਼ੀ ਇਕੱਤਰ ਕਰਨ ਉਪਰੰਤ ਹੁਣ ਸਰੀ ਦੇ ਇਕ ਹੋਰ ਹਰਮਨਪਿਆਰੇ ਕੁਨੈਕਟ ਐਫ ਐਮ ਰੇਡੀਓ ਵਲੋਂ ਵੀ ਰੇਡੀਓਥਾਨ ਰਾਹੀਂ 7 ਲੱਖ 50 ਹਜਾਰ ਡਾਲਰ ਇਕੱਤਰ ਕੀਤੇ ਗਏ ਹਨ। ਇਹ ਰੇਡੀਓਥਾਨ ਕੁਨੈਕਟ ਐਫ ਐਮ ਦੇ ਸਰੀ, ਕੈਲਗਰੀ ਤੇ ਐਡਮਿੰਟਨ ਸਟੇਸ਼ਨਾਂ ਵੱਲੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ, ਗੁਰੂ ਨਾਨਕ ਫੂਡ ਬੈਂਕ ਅਤੇ ਸਾਂਝਾ ਟੀ.ਵੀ. ਸਰੀ ਨਾਲ ਮਿਲਕੇ ਕੀਤਾ ਗਿਆ।

ਇਸ ਦੌਰਾਨ ਸਰੀ-ਵੈਨਕੂਵਰ, ਕੈਲਗਰੀ ਅਤੇ ਐਡਮਿੰਟਨ ਵਿਚ ਵਸਦੇ ਪੰਜਾਬੀਆਂ ਅਤੇ ਰੇਡੀਓ ਦੇ ਸਰੋਤਿਆਂ ਨੇ ਖੁੱਲਕੇ ਦਾਨ ਕੀਤਾ। ਪ੍ਰਬੰਧਕਾਂ ਮੁਤਾਬਿਕ ਸੋਮਵਾਰ ਨੂੰ ਕੀਤੇ ਗਏ ਇਸ ਰੇਡੀਓਥਾਨ ਤੋਂ ਇਕੱਤਰ ਹੋਈ ਰਾਸ਼ੀ ਨੂੰ ਪੰਜਾਬ 'ਚ ਖਡੂਰ ਸਾਹਿਬ ਵਿਖੇ ਵਾਤਾਵਰਣ ਦੀ ਸੰਭਾਲ ਲਈ ਵੱਡਾ ਯੋਗਦਾਨ ਪਾਉਣ ਵਾਲੇ ਸੰਤ ਬਾਬਾ ਸੇਵਾ ਸਿੰਘ ਨੂੰ ਸੌਂਪਿਆ ਜਾਵੇਗਾ, ਜੋ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਤੇ ਸਹਾਇਤਾ ਲਈ ਇਸ ਰਾਸ਼ੀ ਦੀ ਵਰਤੋਂ ਕਰਨਗੇ।

ਰੇਡੀਓਥਾਨ ਦੌਰਾਨ ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ, ਸਾਬਕਾ ਮੰਤਰੀ ਡਾ ਗੁਲਜ਼ਾਰ ਸਿੰਘ ਚੀਮਾ, ਮੇਅਰ ਬਰੈਂਡਾ ਲੌਂਕ, ਮੇਅਰ ਦੇ ਸਲਾਹਕਾਰ ਹੈਰੀ ਕੂਨਰ, ਸਾਬਕਾ ਮੇਅਰ ਡੱਗ ਮੈਕਲਮ, ਕੌਂਸਲਰ ਮਨਦੀਪ ਨਾਗਰਾ, ਐਮ ਐਲ ਏ ਮਨਦੀਪ ਧਾਲੀਵਾਲ, ਐਮ ਐਲ ਏ ਬਰਾਇਨ ਟੈਪਰ, ਉਘੇ ਸਿੱਖ ਵਿਦਵਾਨ ਤੇ ਕਥਾਕਾਰ ਗਿਆਨੀ ਪਿੰਦਰਪਾਲ ਸਿੰਘ ਅਤੇ ਹੋਰ ਕਈ ਪ੍ਰਮੁੱਖ ਹਸਤੀਆਂ ਨੇ ਵਿਸ਼ੇਸ਼ ਰੂਪ ਵਿਚ ਸ਼ਮੂਲੀਅਤ ਕੀਤੀ ਤੇ ਲੋਕਾਂ ਨੂੰ ਦਾਨ ਦੇਣ ਦੀ ਅਪੀਲ ਕੀਤੀ। ਗੁਰੂ ਨਾਨਕ ਫੂਡ ਬੈਂਕ ਦੇ ਚੇਅਰਮੈਨ ਗਿਆਨੀ ਨਰਿੰਦਰ ਸਿੰਘ, ਡਾਇਰੈਕਟਰ ਜਤਿੰਦਰ ਸਿੰਘ ਜੇ ਮਿਨਹਾਸ ਨੇ ਲੋਕਾਂ ਵਲੋਂ ਪੰਜਾਬ ਦੇ ਹੜਪੀੜਤਾਂ ਦੀ ਸਹਾਇਤਾ ਲਈ ਕੀਤੇ ਗਏ ਦਾਨ ਲਈ ਧੰਨਵਾਦ ਕੀਤਾ।ਕੁਨੈਕਟ ਐਫ.ਐਮ. ਦੀ ਮੈਨੇਜਮੈਂਟ ਅਤੇ ਟੀਮ ਨੇ ਰੇਡੀਓਥੌਨ 'ਚ ਸਹਿਯੋਗ ਲਈ ਸੰਗਤਾਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

## ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਨੇ ਲਾਇਆ ਵਿਕਟੋਰੀਆ ਦਾ ਯਾਦਗਾਰੀ ਟੂਰ


ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 11 ਸਤੰਬਰ : ਸਨਸੈੱਟ ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਵੈਨਕੂਵਰ ਵੱਲੋਂ ਬੀਤੇ ਦਿਨੀਂ ਬੀਸੀ ਦੀ ਰਾਜਧਾਨੀ ਵਿਕਟੋਰੀਆ ਦਾ ਯਾਦਗਾਰੀ ਟੂਰ ਲਾਇਆ ਗਿਆ। ਸੁਸਾਇਟੀ ਦੇ ਪ੍ਰਧਾਨ ਗੁਰਬਖਸ਼ ਸਿੰਘ ਸਿੱਧੂ ਨੇ ਦੱਸਿਆ ਹੈ ਕਿ ਸੁਸਾਇਟੀ ਦੇ 30 ਮੈਂਬਰ ਫੈਰੀ ਦੇ ਸਮੁੰਦਰੀ ਸਫਰ 'ਤੇ ਰਵਾਨਾ ਹੋਏ ਅਤੇ ਫੈਰੀ ਦੇ ਸਫਰ ਦੌਰਾਨ ਸਮੁੰਦਰ ਤੇ ਆਸ ਪਾਸ ਦੀਆਂ ਖੂਬਸੂਰਤ ਪਹਾੜੀਆਂ




ਦਾ ਆਨੰਦ ਮਾਣਦੇ ਹੋਏ ਵਿਕਟੋਰੀਆ ਪਹੁੰਚੇ। ਵਿਕਟੋਰੀਆ ਪਹੁੰਚ ਕੇ ਬੀਸੀ ਪਾਰਲੀਮੈਂਟ ਦੀ ਖੂਬਸੂਰਤ ਇਮਾਰਤ ਵਿੱਚ ਸਾਂਭੀਆਂ ਇਤਿਹਾਸਕ ਯਾਦਗਾਰਾਂ ਅਤੇ ਯਾਦਾਂ ਨੂੰ ਸਮੂਹ ਮੈਂਬਰਾਂ ਨੇ ਬਹੁਤ ਹੀ ਉਤਸਕਤਾ ਨਾਲ ਵਾਚਿਆ। ਬੀਸੀ ਪਾਰਲੀਮੈਂਟ ਵਿੱਚ ਗਾਈਡ ਨੇ 'ਹਾਲ ਆਫ ਔਨਰਜ਼, ਡਾਇਮੰਡ ਜੁਬਲੀ ਵਿੰਡੋ (ਜੋ 1897 ਵਿੱਚ ਵਿਕਟੋਰੀਆ ਦੇ ਰਾਜ ਦੇ 60ਵੇਂ ਸਾਲ ਵਿੱਚ ਬਣਾਈ ਗਈ ਸੀ) ਅਤੇ ਗੋਲਡਨ ਜੁਬਲੀ ਵਿੰਡੋ (ਜੋ 2002 ਵਿੱਚ ਮਹਾਰਾਣੀ ਐਲਜਾਬੈਥ ਦੂਜੀ ਦੇ ਰਾਜ ਦੇ 50ਵੇਂ ਸਾਲ ਦੀ ਯਾਦ ਵਿੱਚ ਬਣਾਈ ਗਈ ਸੀ) ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਸ ਤੋਂ ਇਲਾਵਾ ਯਾਦਗਾਰੀ ਗੁੰਬਦ ਕੇਂਦਰੀ ਹਾਲ ਦੇ ਕਮਰੇ ਵਿੱਚ ਤਾਂਬੇ ਨਾਲ ਬਣਿਆ ਕੈਪਟਨ ਜੌਰਜ ਵੈਨਕੂਵਰ ਦਾ ਦੋ ਮੀਟਰ ਦਾ ਬੁੱਤ ਅਤੇ ਪਾਰਲੀਮੈਂਟ ਦੇ ਹੋਰ ਇਤਿਹਾਸਕ ਦਸਤਾਵੇਜ਼ਾਂ ਦੇ ਦਰਸ਼ਨ ਕੀਤੇ। ਅਸੈਂਬਲੀ ਵਿਚ ਇਤਿਹਾਸਕ ਦਸਤਾਵੇਜ਼ ਦੇਖਣ ਉਪਰੰਤ ਇਹ ਮੈਂਬਰ ਆਪਣੀ ਵੈਨਕੂਵਰ ਵਾਪਸੀ ਲਈ ਰਵਾਨਾ ਹੋਏ ਅਤੇ ਵਾਪਸੀ ਦੌਰਾਨ ਫੈਰੀ ਰਾਹੀਂ ਸਮੁੰਦਰ ਦੇ ਪਾਣੀ ਦੀਆਂ ਲਹਿਰਾਂ ਦਾ ਮਾਣਦੇ ਹੋਏ ਆਪੋ ਆਪਣੀ ਘਰੀਂ ਪਹੁੰਚੇ। ਇਸ ਟੂਰ ਲਈ ਜਰਨੈਲ ਸਿੰਘ ਸਹੋਤਾ ਅਤੇ ਦਿਨੇਸ਼ ਕੁਮਾਰ ਮਲਹੋਤਰਾ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਅਮਰ ਗਰਗ ਕਲਮਦਾਨ ਦਾ ਕਹਾਣੀ ਸੰਗ੍ਰਹਿ 'ਸਲੋਚਨਾ' ਮਨੋਵਿਗਿਆਨਕ ਵਿਸ਼ਲੇਸ਼ਣ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਅਮਰ ਗਰਗ ਕਲਮਦਾਨ ਵਿਗਿਆਨ ਦਾ ਅਧਿਆਪਕ ਰਿਹਾ ਹੈ, ਇਸ ਲਈ ਉਸਦੇ ਕਹਾਣੀ ਸੰਗ੍ਰਹਿ 'ਸਲੋਚਨਾ' ਦੀਆਂ ਕਹਾਣੀਆਂ ਮਨੁੱਖੀ ਮਨ ਦਾ ਵਿਗਿਆਨਕ ਢੰਗ ਨਾਲ ਮਨੋਵਿਗਿਆਨਕ ਵਿਸ਼ਲੇਸ਼ਣ ਕਰਦੀਆਂ ਹਨ। ਕਹਾਣੀ ਸੰਗ੍ਰਹਿ ਵਿੱਚ ਸਮਾਜਿਕਤਾ ਦੇ ਵੰਨਸਵੰਨੇ ਵਿਸ਼ਿਆਂ ਨਾਲ ਸੰਬੰਧਤ ਹਨ। ਇਸ ਕਹਾਣੀ ਸੰਗ੍ਰਹਿ ਨੂੰ ਸਮਾਜਿਕ ਸਰੋਕਾਰਾਂ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਸਿਰਫ ਚਾਰ ਕਹਾਣੀਆਂ ਵਿੱਚ ਰੁਮਾਂਸਵਾਦ ਦੀ ਚਾਸਣੀ ਪਾਈ ਹੋਈ ਹੈ, ਬਾਕੀ ਸਾਰੀਆਂ ਲੋਕ ਹਿੱਤਾਂ ਦੀ ਤਰਜਮਾਨੀ ਕਰਦੀਆਂ ਹਨ। ਬਹੁਤੀਆਂ ਕਹਾਣੀਆਂ ਬੇਫ਼ਜ਼ੂਲ ਦੇ ਵਹਿਮਾ-ਭਰਮਾ ਦਾ ਖੰਡਨ ਕਰਦੀਆਂ ਹਨ, ਜਿਹੜੇ ਸਮਾਜ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਦੀ ਤਰ੍ਹਾਂ ਲੱਗੇ ਹੋਏ ਹਨ। ਵਿਗਿਆਨ ਦਾ ਵਿਦਿਆਰਥੀ ਹੋਣ ਕਰਕੇ ਕਹਾਣੀਕਾਰ ਨਿਰਾਕਾਰ ਈਸ਼ਵਰ ਦੀ ਸੋਚ ਨੂੰ ਰੱਦ ਕਰਦਾ ਹੈ। ਇਸਦੇ ਨਾਲ ਹੀ ਵਾਤਾਵਰਨ ਤੇ ਪ੍ਰਕ੍ਰਿਤੀ ਨੂੰ ਮਹੱਤਤਾ ਦਿੰਦਾ ਹੈ। ਵੈਸੇ ਪ੍ਰਕ੍ਰਿਤੀ ਵੀ ਈਸ਼ਵਰ ਦੀ ਬਿਹਤਰੀਨ ਕਾਰੀਗਿਰੀ ਦਾ ਇੱਕ ਨਮੂਨਾ ਹੁੰਦੀ ਹੈ। ਇਸ ਤੋਂ ਪਹਿਲਾਂ ਉਸ ਦੀਆਂ ਚਾਰ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਦੋ ਪੁਸਤਕਾਂ 'ਸੀਤੋ ਫ਼ੌਜਣ' ਕਹਾਣੀ ਸੰਗ੍ਰਹਿ ਅਤੇ 'ਸਭਿਆਚਾਰ ਤਿੰਨ ਮਾਵਾਂ ਦਾ ਪਸਾਰਾ' ਲੇਖਾਂ ਦੀ ਪੁਸਤਕ, ਇੱਕ ਹਿੰਦੀ ਵਿੱਚ ਨਾਵਲ 'ਸੀਤੋ ਫ਼ੌਜਣ' ਅਤੇ ਇੱਕ ਪੰਜਾਬੀ ਵਿੱਚ ਪ੍ਰੇਮਲਤਾ (ਪ੍ਰਿੰਸੀਪਲ) ਨਾਲ ਸਾਂਝਾ ਨਿਬੰਧ ਸੰਗ੍ਰਹਿ 'ਪੰਜ ਕੁੱਜਿਆਂ 'ਚ ਈਸ਼ਵਰ' ਸ਼ਾਮਲ ਹਨ। 'ਸਲੋਚਨਾ' ਕਹਾਣੀ ਸੰਗ੍ਰਹਿ ਵਿੱਚ ਉਸ ਦੀਆਂ 20 ਕਹਾਣੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚ ਚਾਰ ਕਹਾਣੀਆਂ ਕਲਾਤਮਿਕ ਪੱਖ, ਪੰਜ ਵਾਤਾਵਰਨ, ਪ੍ਰਕ੍ਰਿਤੀ ਅਤੇ ਸਫ਼ਾਈ ਨਾਲ ਸੰਬੰਧਤ ਹਨ, ਇਨ੍ਹਾਂ ਕਹਾਣੀਆਂ ਵਿੱਚ ਰੁੱਖਾਂ ਦੀ ਮਹੱਤਤਾ ਦਾ ਜ਼ਿਕਰ ਕਰਦਾ ਰਹਿੰਦਾ ਹੈ। ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਸਲੋਚਨਾ' ਵਿੱਚ ਉਹ ਧਾਰਮਿਕ ਮਾਇਆਜ਼ਾਲ ਦੀ ਜਕੜ ਵਿੱਚੋਂ ਬਾਹਰ ਆਉਣ ਲਈ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦਾ ਹੈ, ਜਿਹੜਾ ਹਿੰਸਾ ਅਤੇ ਨਫ਼ਰਤ ਦਾ ਆਧਾਰ ਬਣਦਾ ਹੈ। ਲੋਕਾਈ ਨੂੰ ਉਦੋਂ ਪੁਜਾਰੀਆਂ ਦੇ ਮਕੜਜਾਲ ਵਿੱਚੋਂ ਨਿਕਲਣ ਦੀ ਪ੍ਰੇਰਨਾ ਕਰਦਾ ਹੈ, ਜਦੋਂ ਸਲੋਚਨਾ ਅਤੇ ਅਸ਼ੋਕ ਦੇ ਵਿਆਹ ਦੀ ਤਜ਼ਵੀਜ ਨੂੰ ਮੰਗਲੀਕ ਅਤੇ ਗ਼ੈਰ ਮੰਗਲੀਕ ਦੀ ਆੜ ਵਿੱਚ ਪੁਜਾਰੀਆਂ ਨੇ ਦਰਕਿਨਾਰ ਕਰ ਦਿੱਤਾ ਸੀ, ਪ੍ਰੰਤੂ ਅਜਿਹੇ ਮੌਕੇ ਕਹਾਣੀਕਾਰ ਨੇ ਸਲੋਚਨਾ ਅਤੇ ਅਸ਼ੋਕ ਨੂੰ ਬਗ਼ਾਬਤੀ ਰੁੱਖ ਅਖ਼ਤਿਆਰ ਕਰਦਿਆਂ ਪੁਜਾਰੀਆਂ ਤੋਂ ਬਿਨਾ ਵਿਆਹ ਕਰਨ ਦਾ ਫ਼ੈਸਲਾ ਕਰਦਿਆਂ ਵਿਖਾ ਦਿੱਤਾ। ਇੱਕ ਕਿਸਮ ਨਾਲ ਇਹ ਕਹਾਣੀ ਸਮਾਜ ਨੂੰ ਵਹਿਮਾ-ਭਰਮਾ ਦੇ ਚੱਕਰ ਵਿੱਚੋਂ ਬਾਹਰ ਨਿਕਲਣ ਦੀ ਤਾਕੀਦ ਕਰਦੀ ਹੈ। 'ਸਿੰਜਰ, ਮੇਰਾ ਪਹਿਲਾ ਅਧਿਆਪਕ ਮੇਰਾ ਸਿਰਜਕ' ਕਹਾਣੀ ਧਾਰਮਿਕ ਕੱਟੜਵਾਦ ਦਾ ਪਰਦਾ ਫਾਸ਼ ਕਰਦੀ ਹੋਈ ਸਫ਼ਲਤਾ ਲਈ ਵਿਦਿਆ ਦਾ ਚਾਨਣ ਫ਼ੈਲਾਉਣ ਦੀ ਪ੍ਰੇਰਨਾ ਦਿੰਦੀ ਹੈ। 'ਚੰਮੇਲੀ' ਕਹਾਣੀ ਸਮਾਜਿਕ ਪਰੰਪਰਾਵਾਂ ਅਤੇ ਜਾਤ-ਪਾਤ ਦੇ ਵਿਰੁੱਧ ਬਗ਼ਾਬਤ ਕਰਨ ਵਾਲੀ ਹੈ। ਇਸ ਤੋਂ ਇਲਾਵਾ ਮਿਹਨਤ ਮੁਸ਼ੱਕਤ ਨਾਲ ਜ਼ਿੰਦਗੀ ਸਫਲ ਹੋਣ ਦੀ ਪ੍ਰੇਰਨਾ ਵੀ ਦਿੰਦੀ ਹੈ। 'ਪੱਥਰ ਦੇ ਪੈਰ' ਕਹਾਣੀ ਵੀ ਸਮਾਜਿਕ ਅਡੰਬਰਾਂ, ਵਹਿਮਾ-ਭਰਮਾ ਦਾ ਖੰਡਨ ਕਰਦੀ ਹੋਈ ਸਮਾਜ ਸੇਵਾ ਦੀ ਪ੍ਰਵਿਰਤੀ ਨੂੰ ਉਤਸ਼ਾਹਤ ਕਰਦੀ ਹੈ। ਕਰਤਾਰ ਸਿੰਘ ਵਾਤਾਵਰਨ ਨੂੰ ਸ਼ੁੱਧ ਰੱਖਣ ਦੀ ਨਸੀਹਤ ਤੇ ਅਮਲ ਕਰਦਾ ਹੋਇਆ ਸਮਾਜ ਵਿਰੋਧੀ ਅਨਸਰਾਂ ਦਾ ਮੁਕਾਬਲਾ ਕਰਕੇ ਨਵਾਂ ਮੀਲ ਪੱਥਰ ਸਥਾਪਤ ਕਰਦਾ ਹੈ। ਉਹ ਮਰਗ ਦੇ ਭੋਗਾਂ ਅਤੇ ਵਿਆਹਾਂ ਦੀ ਫ਼ਜ਼ੂਲ ਖ਼ਰਚ ਰੋਕਣ ਵਿੱਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਹੈ। ਅਜਿਹੇ ਸਮਾਗਮ ਵਿਖਾਵੇ ਤੋਂ ਹੋਰ ਕੁਝ ਵੀ ਨਹੀਂ ਹੁੰਦੇ। 'ਚਿਤਾ ਦੀ ਰਾਖ ਦਾ ਸ਼ਿੰਗਾਰ' ਕਹਾਣੀ ਵਿੱਚ ਕਿਸਾਨੀ ਦਾ ਕਰਜ਼ੇ ਦੀ ਮਾਰ ਝੱਲਣਾ ਅਤੇ ਅਮੀਰ ਸ਼ਾਹੂਕਾਰਾਂ ਵੱਲੋਂ ਕਿਸਾਨਾ ਨੂੰ ਕਰਜ਼ੇ ਦੇ ਚੁੰਗਲ ਵਿੱਚ ਫਸਾਕੇ ਲੁੱਟਣ ਬਾਰੇ ਜਾਣਕਾਰੀ ਦਿੰਦੀ ਹੈ। ਬਹੁਤੇ ਕਿਸਾਨੀ ਦਾ ਕਰਜ਼ੇ ਵਿੱਚ ਗ੍ਰਸਤ ਹੋਣ ਦਾ ਕਾਰਨ ਸ਼ਾਹੂਕਾਰ/ਅਮੀਰ ਕਿਸਾਨ ਹੀ ਹਨ, ਜਿਹੜੇ ਕਿਸਾਨਾਦੀ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। 'ਪਰਗਾ' ਅਤੇ 'ਸੁਜਾਖੀ ਔਰਤ' ਬਹੁਤ ਹੀ ਸੰਵਦਨਸ਼ਨ ਅਤੇ ਭਾਵਨਾਤਮਿਕ ਕਹਾਣੀਆਂ ਹਨ, ਜਿਨ੍ਹਾਂ ਦੋਹਾਂ ਵਿੱਚ ਔਰਤ ਦੀ ਦਲੇਰੀ, ਬਹਾਦਰੀ ਤੇ ਸੰਜਦਗੀ ਨੇ ਦੋ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਕੇ ਬਿਹਤਰੀਨ ਸੰਦੇਸ਼ ਦਿੱਤਾ ਹੈ। ਔਰਤਾਂ ਵੀ ਸਮਾਜ ਵਿੱਚ ਮਹੱਤਵਪੂਰਨ ਸਥਾਨ ਰੱਖਦੀਆਂ ਹਨ, ਜੇਕਰ ਉਹ ਫ਼ੈਸਲਾ ਕਰ ਲੈਣ ਕਿ ਉਹ ਹਰ ਕੰਮ ਕਰ ਸਕਦੀਆਂ ਹਨ, ਜਿਹੜਾ ਮਰਦ ਕਰਨ ਦੀ ਡੌਂਡੀ ਪਿੱਟਦੇ ਹਨ। 'ਸੱਠ ਹਜ਼ਾਰ ਦਾ ਜੰਜਾਲ' ਕਹਾਣੀ ਵੀ ਗ਼ਰੀਬ ਮਜ਼ਦੂਰ ਦੀ ਮਿਹਨਤ ਦਾ ਮੁੱਲ ਦੇਣ ਦੀ ਥਾਂ ਉਸਨੂੰ ਕਰਜ਼ੇ ਦੇ ਮਕੜਜਾਲ ਵਿੱਚ ਫਸਾਕੇ ਵੱਡੇ ਜ਼ਿਮੀਦਾਰ ਰੱਖਦੇ ਹਨ। ਇਸ ਕਹਾਣੀ ਤੋਂ ਇਹ ਵੀ ਸਿਖਿਆ ਮਿਲਦੀ ਹੈ ਕਿ ਸਮਾਜ ਵਿੱਚ ਕੁਝ ਪ੍ਰਿੰਸੀਪਲ ਮੈਡਮ ਅਤੇ ਜ਼ਿਮੀਦਰ ਦੀ ਲੜਕੀ ਕੀਰਤ ਵਰਗੇ ਮਨੁਖਤਾਵਾਦੀ ਇਨਸਾਨ ਵੀ ਹੁੰਦੇ ਹਨ, ਜਿਹੜੇ ਲੋਕ ਭਲਾਈ ਦੇ ਹਿਤਾਂ ਦੇ ਪਹਿਰੇਦਾਰ ਬਣਦੇ ਹਨ। ਵਾਤਾਵਰਨ ਅਤੇ ਕੁਦਰਤ ਦੀ ਕਾਇਨਾਤ ਨਾਲ ਸੰਬੰਧਤ ਪੰਜ ਕਹਾਣੀਆਂ ਕਰਮਵਾਰ ਇਸ ਪ੍ਰਕਾਰ ਹਨ: 'ਜਦੋਂ ਮੈਂ ਤੇ ਬ੍ਰਹਮ ਇੱਕ ਹੋ ਗਏ' ਕਹਾਣੀ ਵਾਤਾਵਰਨ ਪ੍ਰੇਮ ਤੇ ਕੁਦਰਤ ਦੀ ਕਾਇਨਾਤ ਨਾਲ ਸੰਬੰਧਤ ਹੈ। ਦਰੱਖਤ ਇਨਸਾਨ ਦੀ ਜ਼ਿੰਦਗੀ ਦਾ ਸਹਾਰਾ ਬਣਦੇ ਹਨ। ਮਨੁੱਖ ਦਰੱਖਤਾਂ ਦੀ ਮਹੱਤਤਾ ਨਹੀਂ ਸਮਝਦਾ ਸਗੋਂ ਵਹਿਮਾ-ਭਰਮਾ ਦੇ ਵਿੱਚ ਗ੍ਰਸਤ ਹੋ ਕੇ ਉਨ੍ਹਾਂ ਦਾ ਖਾਤਮਾ ਕਰਦਾ ਹੈ। ਇਸੇ ਤਰ੍ਹਾਂ 'ਪਿੱਪਲ ਪੱਤੀਆਂ' ਕਹਾਣੀ ਵਿੱਚ ਦਰਸਾਇਆ ਗਿਆ ਹੈ ਕਿ ਰੁੱਖ ਸੁਨਹਿਰੀ ਜ਼ਿੰਦਗੀ ਵਿੱਚ ਸਹਾਈ ਹੁੰਦੇ ਹਨ, ਵਾਤਵਰਨ ਨੂੰ ਸਾਫ਼ ਸੁਥਰਾ ਰੱਖਦੇ ਹਨ। ਇਨਸਾਨ ਨੂੰ ਵਧੇਰੇ ਰੁੱਖ ਲਗਾਉਣੇ ਚਾਹੀਦੇ ਹਨ। 'ਕੱਚੀ ਮਿੱਟੀ ਦੀ ਘਰ' ਵਿੱਚ ਵੀ ਵਾਤਾਵਰਨ ਦੀ ਚੇਤਨਤਾ ਅਤੇ ਰੁੱਖ ਲਗਾਉਣ ਬਾਰੇ ਕਿਹਾ ਗਿਆ ਹੈ। ਇਸ ਤੋਂ ਇਲਾਵਾ ਪਾਠਕਾਂ ਨੂੰ ਆਪਣੀ ਪੁਰਾਣੀ ਵਿਰਾਸਤ ਦੀ ਸੰਭਾਲ ਅਤੇ ਸਭਿਆਚਾਰ ਦੀ ਮਹੱਤਤਾ ਬਾਰੇ ਵਰਣਨ ਕੀਤਾ ਗਿਆ ਹੈ। 'ਧਰਤੀ ਹੇਠਲਾ ਝੋਟਾ' ਕਹਾਣੀ ਵਿੱਚ ਵੀ ਵਾਤਵਰਨ ਤੇ ਕੁਦਰਤ ਦੀ ਅਹਿਮੀਅਤ ਦੀ ਜਾਣਕਾਰੀ ਦਿੱਤੀ ਗਈ ਹੈ। ਇਸਦੇ ਨਾਲ ਹੀ ਵਿਖਾਵਾ ਅਤੇ ਭਰਿਸ਼ਟਾਚਾਰ ਦੀ ਬੁਰਾਈ ਤੋਂ ਪਾਸਾ ਵੱਟਣ ਦੀ ਤਾਕੀਦ ਕੀਤੀ ਗਈ ਹੈ। 'ਨਾਸਤਕਪੁਰ ਦੀ ਸੈਰ' ਕਹਾਣੀ ਵਿੱਚ ਸਾਫ਼ ਸੁਧਰੇ ਵਾਤਾਵਰਨ ਤੇ ਕੁਦਰਤ ਦੀਆਂ ਰਹਿਮਤਾਂ ਬਾਰੇ ਚਾਨਣਾ ਪਾਇਆ ਗਿਆ ਹੈ। ਆਸਤਕਪੁਰ ਵਿੱਚ ਸਫ਼ਾਈ ਦਾ ਬੁਰਾ ਹਾਲ ਹੈ, ਧਾਰਮਿਕ ਸਥਾਨਾਂ ਦੇ ਆਲੇ ਦੁਆਲੇ ਗੰਦਗੀ ਹੈ, ਗਊਆਂ ਸੜਕਾਂ ਤੇ ਬੇਮੁਹਾਰੇ ਤੁਰਦੀਆਂ ਫਿਰਦੀਆਂ ਹਨ। ਬਿਲਕੁਲ ਇਸ ਦੇ ਉਲਟ ਨਾਸਤਕਪੁਰ ਵਿੱਚ ਸਫ਼ਾਈ, ਰੁੱਖ, ਪਸ਼ੂ ਪੰਛੀ, ਗਊਸ਼ਾਲਾ ਅਤੇ ਵਿਦਿਅਕ ਤੇ ਸਭਿਆਚਾਰਕ ਕ੍ਰਾਂਤੀ ਦਰਸਾਈ ਗਈ ਹੈ। 'ਸੁਨਹਿਰੀ ਕਿਰਨਾਂ' ਕਹਾਣੀ ਵਿੱਚ ਮਨੁੱਖਤਾ ਵੱਲੋਂ ਰੱਬ ਦੇ ਨਾਮ 'ਤੇ ਆਪਸੀ ਖਿਚੋਤਾਣ ਨਾਲ ਫਿਰਕਿਆਂ ਦੀ ਸਦਭਾਵਨਾ ਖ਼ਤਮ ਹੁੰਦੀ ਹੈ ਤੇ ਨਫ਼ਰਤ ਵੱਧਦੀ ਹੈ। ਲੋਕਾਂ ਨੂੰ ਧਰਮ ਦੇ ਝਗੜਿਆਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। 'ਤਕਲਾ' ਕਹਾਣੀ ਵਹਿਮਾ-ਭਰਮਾ ਦੀ ਪ੍ਰਤੀਕ ਹੈ, ਸ਼ੈਤਾਨ ਗ਼ਲਤ ਰਸਤੇ ਪਾ ਰਹੇ ਹਨ, ਵਿਦਿਆ ਪ੍ਰਾਪਤ ਕਰਨੀ ਜ਼ਰੂਰੀ ਹੈ, ਜੋ ਗਿਆਨ ਦਾ ਸੋਮਾ ਬਣਦੀ ਹੈ। ਗਿਆਨ ਨਾਲ ਹੀ ਜੀਵਨ ਸਾਰਥਿਕ ਬਣਦਾ ਹੈ। 'ਜੁੜਵੀਂਆਂ ਖਜੂਰਾਂ' ਕਹਾਣੀ ਰੁਮਾਂਟਿਕ ਹੈ। 'ਅਥਰੂ ਬੋਲਦੇ ਹਨ' ਕਹਾਣੀ ਵਿੱਚ ਕਹਾਣੀਕਾਰ ਨੇ ਆਧੁਨਿਕਤਾ ਦੇ ਪ੍ਰਭਾਵ ਦੇ ਔਗੁਣਾ ਦਾ ਵਿਸਤਾਰ ਨਾਲ ਵਰਣਨ ਕੀਤਾ, ਜਿਸਦਾ ਸਾਡੇ ਸਭਿਆਚਾਰ ਨੂੰ ਨੁਕਸਾਨ ਹੋ ਰਿਹਾ ਹੈ। ਆਧੁਨਿਕਤਾ ਦਾ ਬੱਚਿਆਂ ਤੇ ਜ਼ਿਆਦਾ ਪ੍ਰਭਾਵ ਪੈ ਰਿਹਾ ਹੈ। ਰਿਸ਼ਤਿਆਂ ਵਿੱਚ ਆਈ ਗਿਰਾਵਟ ਦਾ ਕਾਰਨ ਵੀ ਆਧੁਨਿਕਤਾ ਹੈ। 'ਮੈਂ ਕਿਉਂ ਬੋਝ ਪਾਵਾਂ' ਕਹਾਣੀ ਸਵੱਛਤਾ ਰੱਖਣ 'ਤੇ ਜ਼ੋਰ ਪਾਉਂਦੀ ਹੈ ਤਾਂ ਜੋ ਮਾਨਵਤਾ ਸਿਹਤਮੰਦ ਰਹਿ ਸਕੇ। 'ਫ਼ੌਜੀ ਕਦੇ ਤਰਸ ਦਾ ਪਾਤਰ ਨਹੀਂ ਬਣੇਗਾ' ਕਹਾਣੀ ਪ੍ਰੇਮਲਤਾ (ਪ੍ਰਿੰਸੀਪਲ) ਦੀ ਹੈ, ਜਿਹੜੀ ਫ਼ੌਜੀ ਦੀ ਬਹਾਦਰੀ ਅਤੇ ਕੁਰਬਾਨੀ ਦਾ ਪ੍ਰਤੀਕ ਬਣਦੀ ਹੈ। ਮਨੁੱਖੀ ਮਨਾ ਵਿੱਚ ਤਬਦੀਲੀ ਲਿਆਉਣ ਦੇ ਸਮਰੱਥ ਹੁੰਦੇ ਹਨ। 'ਕੰਨਾ ਨੂੰ ਲਾਏ ਹੱਥ, ਮੈਂ ਕਦੇ ਬਾਬਾ ਨਾ ਬਣਾ' ਕਹਾਣੀ ਵੀ ਪ੍ਰੇਮਲਤਾ (ਪ੍ਰਿੰਸੀਪਲ) ਕਹਾਣੀ ਹੈ, ਜਿਹੜੀ ਡੇਰਿਆਂ ਦੀਆਂ ਕੁਰੀਤੀਆਂ ਦਾ ਖੰਡਨ ਕਰਦੀ ਹੈ। 112 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਅਮਰ ਗਰਗ ਕਲਮਦਾਨ : 9814341746

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਧਰਤ ਦਾ ਨਾਮ ਜੰਨਤ ਹੈ ਗਗਨ ਦਾ ਨਾਮ ਜੰਨਤ ਹੈ।
ਸਵੇਰੇ ਦੀ ਸੁਰਖ਼ ਲਾਲੀ ਸੁਹਾਣੀ ਸ਼ਾਮ ਜੰਨਤ ਹੈ।

ਬਹਾਰਾਂ ਪਤਝੜਾਂ ਵਾਗੂੰ ਇਹ ਜੀਵਨ ਦਾ ਫ਼ਲਸਫ਼ਾ ਹੈ,
ਸ੍ਰਿਸ਼ਟੀ ਵਿੱਚ ਕਾਏਨਾਤ ਦਾ ਪੈਗ਼ਾਮ ਜੰਨਤ ਹੈ।

ਅਲੌਕਿਕ ਸ਼ਕਤੀ ਦਿਖਦੀ ਹੈ ਸਿਰਫ਼ ਸ਼ਰਧਾ ਦੀ ਕ੍ਰਿਪਾ ਵਿਚ,
ਧਰਮ ਕੋਈ ਵੀ ਹੋਵੇ ਵਾਹਿਗੁਰੂ ਜਾਂ ਰਾਮ ਜੰਨਤ ਹੈ।

ਖ਼ੁਸ਼ੀ ਦੇ ਆਸਰੇ ਉਤੇ ਮੁਹੱਬਤ ਦੇ ਸਲੀਕੇ ਵਿਚ,
ਮਿਲੇ ਜੋ ਪਿਆਰ ਤੇ ਸਤਿਕਾਰ ਵਿੱਚ ਸਲਾਮ ਜੰਨਤ ਹੈ।

ਨਸੀਬਾਂ ਨਾਲ ਹੁੰਦਾ ਹੈ ਇਹ ਮੈਖ਼ਾਨਾ ਨਸੀਬਾਂ ਵਿਚ,
ਸੁਹਾਣੇ ਰਿਸ਼ਤਿਆਂ ਦਾ ਪੀ ਲਵੋ ਜੇ ਜਾਮ ਜੰਨਤ ਹੈ।

ਸਥਾਨਾਂ 'ਤੇ ਮੁਰਾਦਾਂ ਦੀ ਕੋਈ ਵੀ ਲੋੜ੍ਹ ਨਈਂ ਹੁੰਦੀ,
ਜਿਹੜਾ ਸਿਖਿਆ ਦਾ ਰਾਹ ਖੋਲ੍ਹੇ ਉਹੀ ਇਕ ਧਾਮ ਜੰਨਤ ਹੈ।

ਕਿਸੇ ਸਾਧੂ ਤਪਸਵੀ ਦੀ ਕੋਈ ਹਸਤੀ ਨਹੀਂ ਹੁੰਦੀ,
ਬਜ਼ੁਰਗਾਂ ਦੇ ਸਲਾਮਤ ਪੈਰਾਂ ਵਿਚ ਪ੍ਰਣਾਮ ਜੰਨਤ ਹੈ।

ਪਖੰਡਾਂ ਵਹਿਮ ਭਰਮਾਂ ਵਿਚ ਸਦਾ ਬਰਬਾਦੀ ਹੁੰਦੀ ਹੈ,
ਕਿਸੇ ਵੀ ਰੂਪ ਵਿਚ ਹੋਵੇ ਮਗਰ ਸਤਿਨਾਮ ਜੰਨਤ ਹੈ।

ਵਿਦੇਸ਼ਾਂ ਦੀ ਧਰਤ ਨੂੰ ਮਾਣ ਕੇ ਵੀ ਖ਼ੂਬ ਢਿੱਠਾ ਹੈ,
ਮਗਰ ਅਪਣੇਂ ਹੀ ਘਰ ਦੇ ਵਿਚ ਹੈ ਜੋ ਆਰਾਮ ਜੰਨਤ ਹੈ।

ਇਹਦੇ ਕਰਕੇ ਹੀ ਬਲਵਿੰਦਰ ਦੀ ਸ਼ੁਹਰਤ ਹੈ ਬੁਲੰਦੀ ਤੇ,
ਗ਼ਜ਼ਲ ਦੇ ਮਕਤੇ ਵਿਚ ਬਾਲਮ ਦਾ ਜੋ ਉਪਨਾਮ ਜੰਨਤ ਹੈ।

## ਭਾਂਡੇ ਕਲੀ ਕਰਾ ਲਓ



ਬੜੀ ਪੁਰਾਣੀ ਗੱਲ ਹੈ ਬੱਚਿਓ!
ਥੋਨੂੰ ਅੱਜ ਸੁਣਾਵਾਂ।
ਕਈਆਂ ਵਿਰਸੇ ਸਭਿਆਚਾਰ ਦਾ
ਸਾਭ ਰੱਖਿਆ ਸਿਰਨਾਵਾਂ।
ਭਾਂਡੇ ਕਲੀ ਕਰਨ ਭਾਈ ਇੱਕ
ਸਾਡੀ ਗਲੀ ਸੀ ਆਉਂਦਾ।
ਭਾਂਡੇ ਕਲੀ ਕਰਾ ਲਓ ਦਾ ਫਿਰ
ਹੋਕਾ ਸੀ ਉਹ ਲਾਉਂਦਾ।
ਆਪਣਾ ਸਾਰਾ ਸਮਾਨ ਸੀ ਉਹ
ਸਾਈਕਲ ਤੇ ਲੱਦ ਲੈਂਦਾ।
ਜੇ ਕੋਈ ਉਹਨੂੰ ਆਵਾਜ਼ ਮਾਰਦਾ,
ਵਿੱਚ ਚੌਂਕ ਦੇ ਬਹਿੰਦਾ।
ਭੱਠੀ ਦੇ ਵਿੱਚ ਕੋਲ਼ੇ ਪਾ ਕੇ,
ਪੱਖੀ ਤਾਂਈ ਘੁੰਮਾਉਂਦਾ।
ਭਾਂਡੇ ਨੂੰ ਪੂਰਾ ਸੀ ਗਰਮ ਕਰਕੇ,
ਚਿੱਟੀ ਕਲੀ ਵਿੱਚ ਪਾਉਂਦਾ।
ਫਿਰ ਲੋਗੜ ਦਾ ਟੁੱਕੜਾ ਫੜ ਕੇ,
ਉਸ ਦੇ ਵਿੱਚ ਘੁੰਮਾਂ ਦਿੰਦਾ।
ਸੋਨੇ ਰੰਗੇ ਭਾਂਡੇ ਅੰਦਰ,
ਚਾਂਦੀ ਦਾ ਵਰਕ ਚੜ੍ਹਾ ਦਿੰਦਾ।
ਪਰਾਤਾਂ ਦੇ ਸੀ ਪੌੜ ਵੀ ਲਾਉਂਦਾ,
ਟੁੱਟੇ ਭਾਂਡੇ ਜੋੜ ਦਿੰਦਾ।
ਬਹੁਤਾਂ ਚਿਬ ਖੜੀਬਾ ਭਾਂਡਾ,
ਨਹੀਂ ਬਣਨਾ,ਉਹ ਮੋੜ ਦਿੰਦਾ।
ਅਸੀਂ ਚਾਹ ਫੜਾਉਣ ਬਹਾਨੇ
ਉਸ ਦੇ ਕੋਲੇ ਆ ਜਾਂਦੇ।
ਕਈ ਵਿਹਲੜ ਗੱਲਾਂ ਕਰਕੇ
ਆਪਣਾ ਡੰਗ ਟਪਾ ਜਾਂਦੇ।
'ਪੱਤੋ' ਆਖੇ ਉਹ ਵੇਲੇ ਲੱਦ ਗਏ
ਹੁਣ ਮੁੜ ਕੇ ਉਹ ਆਉਂਣੇ ਨਹੀਂ।
ਚਾਈਨਾ ਦੇ ਅੱਜ ਭਾਂਡੇ ਚੱਲ ਪਏ,
ਪਿੱਤਲ ਦੇ ਹੁਣ ਥਿਆਉਂਣੇ ਨਹੀਂ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਇੱਟਾਂ ਵੱਟਿਆਂ ਹੁਣ ਕੀ ਦੱਸਣੀ, ਹੜ੍ਹ ਦੇ ਵਾਲੀ ਦਰਦ-ਕਹਾਣੀ।
ਛਮ ਛਮ ਵੱਸਦਾ ਅੱਖੀਆਂ ਵਿੱਚੋਂ ਹੰਝੂਆਂ ਹਾਰ ਉਬਲਦਾ ਪਾਣੀ।

ਬਸਤਾ ਕਲਮ ਦਵਾਤ ਤਾਂ ਰਹਿ ਗਏ, ਬੰਦ ਬੂਹਿਆਂ ਦੇ ਮਗਰ ਵਿਚਾਰੇ,
ਕਿੱਦਾਂ ਲਿਖਦੇ, ਕਿਸਨੂੰ ਦੱਸਦੇ, ਰੂਹ ਦੀ ਕਸਕ ਕਿਸੇ ਨਾ ਜਾਣੀ।

ਮਾਂ ਦੀ ਮਮਤਾ ਕੀ ਕਰਦੀ ਤਦ, ਅੰਨ੍ਹੇ ਹੜ੍ਹ ਦੀ ਮਾਰ ਦੇ ਅੱਗੇ,
ਸਾਜ਼ਸ਼ੀਆਂ ਨੇ ਗਰਜ਼ਾਂ ਪਿੱਛੋਂ,ਮਾਰ ਮੁਕਾਏ ਰੂਹ ਦੇ ਹਾਣੀ।

ਦਰਦ ਪਹਾੜੋਂ ਭਾਰਾ ਉਸ ਪਲ,ਰੂਹ ਤੇ ਭਾਰ ਪਵੇ ਤੇ ਪਿਘਲੇ,
ਮਾਂ ਦੀ ਚੁੰਨੀ ਸਿੱਲ੍ਹੀ ਲੀਰ ਕਚੀਰਾਂ ਵਹਿ ਜਾਵੇ ਦਿਲ ਅੱਖੀਆਂ ਥਾਣੀ।

ਕਰਕ ਕਲੇਜੇ ਵਾਲੀ ਵੀਰੇ, ਵਸਤ ਨੁਮਾਇਸ਼ੀ ਹੁੰਦੀ ਨਹੀਂਉਂ,
ਅੱਥਰੂ ਦਾ ਪਰਦਰਸ਼ਨ ਕਰੀਏ, ਬਣ ਜਾਂਦੈ ਇਹ ਗੰਧਲਾ ਪਾਣੀ।

ਆਰ ਪਾਰ ਰੂਹ ਅੰਦਰ ਬਰਛੀ, ਹੁਣ ਵੀ ਰੜਕ ਪਵੇ ਜਦ ਬੋਲਾਂ,
ਛੇੜ ਨਾ ਕਿੱਸੇ ਜ਼ਖ਼ਮਾਂ ਵਾਲੇ, ਤੇਰੇ ਲਈ ਇਹ ਕਥਾ ਕਹਾਣੀ।

ਉੱਜੜ ਗਿਆ ਗੁਲਜ਼ਾਰ, ਬੁਲਬੁਲਾਂ, ਰੁਲ ਗਈਆਂ ਜੀ, ਕੀਹ ਕੀਹ ਦੱਸੀਏ?
ਰੁਲ਼ੇ ਪਰਾਂਦੇ ਸ਼ਗਨਾਂ ਵਾਲੇ, ਸਿਰ ਤੇ ਚਾਦਰ ਅੱਧੋਰਾਣੀ।

## ਰੱਬ ਆਸਰੇ

ਪਾਣੀ ਦਾ ਪੱਧਰ ਨੀਵਾਂ ਹੋਜੇ
ਸਭ ਦੀ ਹੋਜੇ ਜਿੰਦ ਸੁਖਾਲ਼ੀ

ਫ਼ਸਲ ਪਾਣੀ ਵਿੱਚ ਡੁੱਬ ਗਈ ਸਾਰੀ
ਜੇਹੜੀ ਸੀ ਧੀਆਂ ਪੁੱਤਾਂ ਵਾਂਗੂ ਪਾਲ਼ੀ

ਫਿਕਰਾਂ ਵਿੱਚ ਰੁਲ਼ ਰਹੀ ਜਵਾਨੀ
ਸੱਜਣਾਂ ਸਾਡੀ ਜਿੰਦ ਗ਼ਮਾਂ ਨੇ ਖਾ ਲੀ

ਹੋਣੀਂ ਤਾਂ ਕਹਿੰਦੇ ਹੋਕੇ ਰਹਿੰਦੀ
ਇਹ ਨਾਂ ਜਾਂਦੀ ਕਿਸੇ ਤੋਂ ਟਾਲ਼ੀ

ਕਿਸਮਤ ਦਾ ਲਿਖਿਆ ਮਿਲ ਜਾਣਾ ਹੈ
ਕਦੇ ਭੁੱਲਕੇ ਵੀ ਨਾ ਕਰੀਏ ਕਾਹਲ਼ੀ

ਰੁੱਖ ਹਰੇ ਨਾ ਫੇਰ ਹੋਣ ਦੁਬਾਰਾ
ਇੱਕ ਵਾਰੀ ਸੁੱਕ ਜਾਵੇ ਜੇ ਡਾਲੀ

ਖੇਤ ਉੱਜੜ ਗਏ ਫ਼ਸਲ ਵੀ ਉੱਜੜੀ
ਹੁਣ ਕਿੱਧਰੇ ਦਿਸਦੀ ਨਾ ਹਰਿਆਲੀ

ਸਿੱਧੂ,ਜੱਟ ਜਿਓਂਦਾ ਹੈ ਰੱਬ ਆਸਰੇ
ਮੀਤੇ, ਸਾਡੀ ਰੱਬ ਹੀ ਕਰੇ ਰਖਵਾਲੀ

ਕੁਦਰਤ ਨਾਲ ਖਿਲਵਾੜ ਜੇ ਕਰਿਆ
ਅਸੀਂ ਆਪਣੀ ਆਪੇ ਢੂਈ ਲਵਾਲੀ




ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

## ਹੜ੍ਹ ਦੇ ਪਾਣੀ ਨੇ....



ਕੀ ਕੀ ਰੰਗ ਦਿਖਾਏ ਹੜ੍ਹ ਦੇ ਪਾਣੀ ਨੇ

ਜਿਉਂਦੇ ਮਾਰ ਮੁਕਾਏ ਹੜ੍ਹ ਦੇ ਪਾਣੀ ਨੇ

ਜਿਹੜੇ ਹੱਸਦੇ ਵਸਦੇ ਖੁਸ਼ੀਆਂ ਵਿੱਚ

ਉਹੀ ਲੋਕ ਰੁਆਏ ਹੜ੍ਹ ਦੇ ਪਾਣੀ ਨੇ

ਫਸਲਾਂ ਰੁੜੀਆਂ ਰੁੜ੍ਹ ਸਾਰਾ ਸਮਾਨ ਗਿਆ

ਪਸ਼ੂ ਕੀਲਿਆਂ ਵਿੱਚ ਫਸਾਏ ਹੜ੍ਹ ਦੇ ਪਾਣੀ ਨੇ

ਬਿਪਤਾ ਜੇਕਰ ਰੱਬ ਨੇ ਵੱਡੀ ਪਾ ਦਿੱਤੀ

ਮੱਦਦ ਲਈ ਵੀ ਲੋਕ ਬੁਲਾਏ ਹੜ੍ਹ ਦੇ ਪਾਣੀ ਨੇ

ਪਹਿਲਾਂ ਵੀ ਕੋਈ ਇੱਥੇ ਅੰਤ ਹੈ ਨਹੀਂ

ਨਵੇਂ ਪੱਤਰਕਾਰ ਬਣਾਏ ਹੜ੍ਹ ਦੇ ਪਾਣੀ ਨੇ

ਨਿੱਕੇ ਨਿੱਕੇ ਬਾਲ ਵਿਲਕਦੇ ਮਾਵਾਂ ਬਾਝੋਂ

ਬੇਗਾਨੀ ਗੋਦ ਬਿਠਾਏ ਹੜ੍ਹ ਦੇ ਪਾਣੀ ਨੇ

ਲੀਡਰ ਵੀ ਹੁਣ ਸਰਗਰਮ ਜਿਹੇ ਹੋ ਗਏ

ਜਾ ਪਾਣੀ ਵਿੱਚ ਖੜ੍ਹਾਏ ਹੜ੍ਹ ਦੇ ਪਾਣੀ ਨੇ

ਮਗਰਮੱਛ ਵੀ ਦੇਖੇ ਵਿੱਚ ਪਾਣੀ ਦੇ

ਨਾਗ ਵੀ ਨਚਾਏ ਹੜ੍ਹ ਦੇ ਪਾਣੀ ਨੇ

ਰਿਸ਼ਕ ਜਾਨ ਲਈ ਵੱਡਾ ਲੈਣਾ ਪੈ ਜਾਂਦਾ

ਟੁੱਟੀਆਂ ਕਿਸ਼ਤੀਆਂ 'ਤੇ ਤਰਾਏ ਹੜ੍ਹ ਦੇ ਪਾਣੀ ਨੇ

ਬੱਬੀ ਵਰਗੇ ਰੱਬ ਦਾ ਭਾਣਾ ਮੰਨ ਕੇ ਬੈਠ ਗਏ

ਉਂਝ ਬਹੁਤ ਸਵਾਲ ਉਠਾਏ ਹੜ੍ਹ ਦੇ ਪਾਣੀ ਨੇ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ